# ਮਗਰਮੱਛ ਦੇ ਹੰਝੂ

ਕੁਝ ਦਿਨ ਹੋਏ ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਮਹਾਰਾਸ਼ਟਰ ਦੇ ਇਲਾਕੇ ਵਿਦਰਭ ਦਾ ਦੌਰਾ ਕੀਤਾ ਜਿਥੇ ਪਿਛਲੇ ਮਹੀਨਿਆਂ ਵਿਚ ਸੈਂਕੜੇ ਹੀ ਕਿਸਾਨ ਖ਼ੁਦਕਸ਼ੀ ਕਰ ਚੁੱਕੇ ਹੈ। ਦੌਰੇ ਦੇ ਅੰਤ ਤੇ ਮਨਮੋਹਨ ਸਿੰਘ ਨੇ ਬਹੁਤ ਚਤੁਰਾਈ ਨਾਲ ਭੋਲਾ ਬਣ ਕੇ ਮਗਰਮੱਛ ਦੇ ਹੰਝੂ ਵਹਾਉਂਦੇ ਹੋਏ ਇਕ ਬਿਆਨ ਵਿਚ ਕਿਹਾ,

*"ਇਸ ਦੌਰੇ ਦੌਰਾਨ ਮੈਨੂੰ ਕਈ ਕਿਸਾਨਾਂ ਦੇ ਪਰਿਵਾਰਾਂ ਨਾਲ ਮਿਲਣ ਦਾ ਮੌਕਾ ਮਿਲਿਆ ਜੋ ਖ਼ੁਦਕਸ਼ੀ ਕਰ ਗਏ ਹਨ ਅਤੇ ਹੋਰਨਾਂ ਕਿਸਾਨਾਂ ਦੀ ਗੱਲਬਾਤ ਸੁਣਨ ਦਾ ਵੀ ਮੌਕਾ ਮਿਲਿਆ ਜਿਨ੍ਹਾਂ ਦੀ ਹਾਲਤ ਬਹੁਤ ਹੀ ਖ਼ਰਾਬ ਹੈ। ਇਸ ਸਾਰੀ ਗੱਲਬਾਤ ਦਾ ਮੇਰੇ ਤੇ ਡੂੰਘਾ ਅਸਰ ਹੋਇਆ ਹੈ। ਕਿਸਾਨਾਂ ਦਾ, ਜੋ ਕਿ ਇਨ੍ਹਾਂ ਜ਼ਿਲਿਆਂ ਦੀ ਆਰਥਕਤਾ ਦੀ ਰੀੜ ਦੀ ਹੱਡੀ ਹਨ, ਬਹੁਤ ਹੀ ਭੈੜਾ ਹਾਲ ਹੈ ਜਿਸ ਕਰਕੇ ਕਈਆਂ ਨੂੰ ਤਾਂ ਖ਼ੁਦਕਸ਼ੀ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ ਕਿਉਂਕਿ ਉਨ੍ਹਾਂ ਲਈ ਹੋਰ ਸਭ ਰਾਹ ਬੰਦ ਹਨ।"*

*"ਇਸ ਸੰਕਟ ਦੇ ਕਈ ਕਾਰਨ ਹਨ। ਕੁਝ ਮੁੱਖ ਕਾਰਨ ਇਹ ਲਗਦੇ ਹਨਃ- ਫ਼ਸਲ ਦਾ ਖ਼ਰਾਬ ਹੋਣਾ, ਘੱਟ ਫਸਲ ਹੋਣਾ, ਪਾਣੀ ਦਾ ਘਾਟਾ, ਕੀਟ ਨਾਸ਼ਕ ਦੁਆਈਆਂ ਦੇ ਖਰਚੇ, ਬਿਜਲੀ ਵਕਤ ਤੇ ਨਾ ਮਿਲਣੀ ਅਤੇ ਵਸਤਾਂ ਦੀ ਲਾਹੇਵੰਦ ਕੀਮਤ ਨਾ ਮਿਲਣੀ। ਇਨ੍ਹਾਂ ਕਾਰਨਾਂ ਕਰਕੇ ਕਿਸਾਨਾਂ ਦੇ ਸਿਰ ਕਰਜ਼ੇ ਬਹੁਤ ਹੀ ਵੱਧ ਗਏ ਹਨ ਅਤੇ ਮੈਨੂੰ ਖ਼ੁਦਕਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਗੱਲਬਾਤ ਸੁਣਕੇ ਬਹੁਤ ਹੀ ਸਦਮਾ ਹੋਇਆ ਹੈ।"*

ਮਨਮੋਹਨ ਸਿੰਘ ਨੇ ਕਿਹਾ ਕਿ ਇਨ੍ਹਾਂ ਮਸਲਿਆਂ ਦੇ ਹੱਲ ਲਈ ਕੁਝ ਕਦਮ ਫੌਰੀ ਤੌਰ ਤੇ ਚੁਕਣ ਦੀ ਲੋੜ ਹੈ ਅਤੇ ਕੁਝ ਬੰਦੋਬਸਤ ਪੱਕੇ ਤੌਰ ਤੇ ਕਰਨ ਦੀ ਲੋੜ ਹੈ ਤਾਂ ਕਿ ਕਿਸਾਨਾਂ ਦੀ ਹਾਲਤ ਸੁਧਰ ਸਕੇ। ਫੌਰੀ ਤੌਰ ਤੇ ਸਾਨੂੰ ਕਿਸਾਨਾਂ ਨੂੰ ਫੇਰ ਕਰਜ਼ ਦੇਣ ਦਾ ਸਿਲਸਿਲਾ ਸ਼ੁਰੂ ਕਰਨ ਦੀ ਲੋੜ ਹੈ ਤਾਂ ਕਿ ਉਹ ਖੇਤੀਬਾੜੀ ਦਾ ਕੰਮ ਦੁਬਾਰਾ ਸ਼ੁਰੂ ਕਰ ਸਕਣ ਅਤੇ ਆਪਣੇ ਰੁਜ਼ਗਾਰ ਦਾ ਹੀਲਾ ਕਰ ਸਕਣ। ਇਸ ਲਈ ਸਾਨੂੰ ਕਰਜ਼ੇ ਦੀ ਪੰਡ ਹਲਕੀ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਪੱਕੇ ਤੌਰ ਤੇ ਰੁਜ਼ਗਾਰ ਦਾ ਹੱਲ ਤਲਾਸ਼ ਕਰਨ ਦੀ ਲੋੜ ਹੈ ਅਤੇ ਖੇਤੀ ਬਾੜੀ ਦੇ ਇਲਾਵਾ ਰੁਜ਼ਗਾਰ ਦੇ ਹੋਰ ਸਾਧਨ ਲੱਭਣ ਦੀ ਅਤੇ ਖੇਤੀਬਾੜੀ ਨੂੰ ਬੇਹਤਰ ਬਣਾਉਣ ਦੀ ਲੋੜ ਹੈ।

ਮਨਮੋਹਨ ਸਿੰਘ ਨੇ ਫੌਰੀ ਤੌਰ ਤੇ ਛੇ ਜਿਲਿਆਂ ਵਿਚ ਹਰੇਕ ਕਲੈਕਟਰ ਨੂੰ ਪੰਜਾਹ ਲੱਖ ਰੁਪਿਆ ਦੇਣ ਦਾ ਫੈਸਲਾ ਕੀਤਾ ਹੈ ਜਿਹਦੇ ਨਾਲ ਉਹ ਕਿਸਾਨਾਂ ਨੂੰ ਫੌਰੀ ਰਾਹਤ ਦੇ ਸਕਣ। ਇਸਦੇ ਨਾਲ ਹੀ ਕਰਜ਼ਾ ਤੇ ਸੂਦ, ਜੋ ਕਿਸਾਨਾਂ ਸਿਰ ਹੈ, ਉਹ ਮਾਫ਼ ਕਰ ਦਿਤਾ ਜਾਵੇਗਾ ਤੇ ਬੈਂਕ ਇਨ੍ਹਾਂ ਕਿਸਾਨਾਂ ਨੂੰ ਦੁਬਾਰਾ ਕਰਜ਼ੇ ਦੇ ਸਕਣਗੇ। ਇਕ ਹੋਰ ਕਦਮ ਜੋ ਮਨਮੋਹਨ ਸਿੰਘ ਨੇ ਕਿਹਾ ਕਿ ਚੁਕਿਆ ਜਾਵੇਗਾ ਉਹ ਇਹ ਹੈ ਕਿ ਇਕ ਸਾਲ ਲਈ ਕਈ ਕਿਸਾਨਾਂ ਨੂੰ ਕਰਜ਼ੇ ਵਾਪਸ ਕਰਨ ਤੋਂ ਰਾਹਤ ਦਿਤੀ ਜਾਵੇਗੀ ਅਤੇ ਉਹ ਇਹ ਕਰਜ਼ੇ 3 ਤੋਂ 5 ਸਾਲਾਂ ਵਿਚ ਵਾਪਸ ਕਰ ਸਕਦੇ ਹਨ।

ਪਰ ਲੰਬੇ ਦੌਰ ਵਿਚ ਇਸ ਮਸਲੇ ਦੇ ਪੱਕੇ ਹਲ ਲਈ ਮਨਮੋਹਨ ਸਿੰਘ ਨੇ ਕਿਹਾ ਕਿ ਸਿੰਚਾਈ ਦੀ ਬੇਹਤਰੀ ਲਈ ਸਕੀਮਾਂ ਲਾਗੂ ਕਰਨ ਦੀ ਲੋੜ ਹੈ ਅਤੇ ਇਸ ਲਈ ਸਰਕਾਰ ਠੋਸ ਕਦਮ ਚੁਕੇਗੀ ਤੇ ਆਉਣ ਵਾਲੇ ਤਿੰਨ ਸਾਲਾਂ ਵਿਚ ਇਸ ਇਲਾਕੇ ਵਿਚ ਵੱਡੇ, ਛੋਟੇ ਅਤੇ ਦਰਮਿਆਨੇ ਡੈਮ ਵੀ ਬਣਾਏ ਜਾਣਗੇ। ਮਨਮੋਹਨ ਸਿੰਘ ਨੇ ਕਿਹਾ ਕਿ ਉਹਨੇ ਖਜ਼ਾਨਾ ਮੰਤ੍ਰੀ ਨਾਲ ਵੀ ਗੱਲ ਕੀਤੀ ਹੈ ਤੇ ਦੇਸ਼ ਦੇ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤ ਕਰਨ ਬਾਰੇ ਤਜ਼ਵੀਜ਼ ਪੇਸ਼ ਕਰਨ ਲਈ ਕਿਹਾ ਹੈ।

ਪਹਿਲੀ ਗੱਲ ਤਾਂ ਇਹ ਕਿ ਮਨਮੋਹਨ ਸਿੰਘ ਦੀ ਸਾਦਗੀ ਦੀ ਦਾਦ ਦੇਣੀ ਪਏਗੀ ਕਿਉਂਕਿ ਜਿਹੜੀ ਗੱਲ ਸਾਰਾ ਹਿੰਦੁਸਤਾਨ ਜਾਣਦਾ ਹੈ, ਕਿ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਬਹੁਤ ਭਾਰੀ ਹੈ ਤੇ ਉਨ੍ਹਾਂ ਦੀ ਹਾਲਤ ਹੁਣ ਬਹੁਤ ਮਾੜੀ ਹੈ, ਉਹਦਾ ਪਤਾ ਮਨਮੋਹਨ ਸਿੰਘ ਨੂੰ ਵਿਦਰਭ ਦਾ ਦੌਰਾ ਕਰਨ ਦੇ ਬਾਅਦ ਲੱਗਾ ਹੈ! ਦੂਸਰੀ ਗੱਲ ਇਹ ਹੈ ਕਿ ਇਸ ਮਸਲੇ ਦੇ ਹੱਲ ਲਈ ਮਨਮੋਹਨ ਸਿੰਘ ਦੇ ਦਸੇ ਹੋਏ ਕਦਮਾਂ ਨਾਲ ਕਿਸਾਨਾਂ ਦੀ ਕਰਜ਼ੇ ਤੋਂ ਖ਼ਲਾਸੀ ਨਹੀਂ ਹੋ ਸਕਦੀ। ਉਹਨੇ ਜਿਹੜੇ ਫੌਰੀ ਕਦਮ ਚੁਕਣ ਦਾ ਐਲਾਨ ਕੀਤਾ ਹੈ ਉਨ੍ਹਾਂ ਨਾਲ ਸ਼ਾਹੂਕਾਰਾਂ ਅਤੇ ਬੈਂਕਾਂ ਦੇ ਸੂਦ ਦੀ ਅਦਾਇਗੀ ਤਾਂ ਯਕੀਨੀ ਬਣ ਜਾਏਗੀ ਪਰ ਕਿਸਾਨ ਕਰਜ਼ੇ ਦੇ ਜਾਲ ਵਿਚ ਹੀ ਫਸੇ ਰਹਿਣਗੇ। ਕਰਜ਼ੇ ਦੇ ਜਾਲ ਵਿਚ ਫ਼ਸੇ ਹੋਏ ਕਿਸਾਨ ਮੁੜ ਆਪਣੀ ਜ਼ਮੀਨ ਬੈਂਕਾਂ ਜਾਂ ਵੱਡੇ ਜ਼ਿਮੀਦਾਰਾਂ ਨੂੰ ਵੇਚਣ ਤੇ ਮਜਬੂਰ ਹੋਣਗੇ ਅਤੇ ਖ਼ੁਦਕਸ਼ੀ ਕਰਨ ਦੇ ਰਾਹ ਪੈਣਗੇ। ਉਹਦੇ ਦਸੇ ਹੋਏ ਕਦਮਾਂ ਦਾ ਮੰਤਵ ਵੀ ਇਹੀ ਦਿਸਦਾ ਹੈ ਕਿਉਂਕਿ ਮਨਮੋਹਨ ਸਿੰਘ ਦੇ ਕਹਿਣ ਅਨੁਸਾਰ ਕਿਸਾਨਾਂ ਦੇ ਪੁਰਾਣੇ ਕਰਜ਼ਿਆਂ ਦਾ ਸੂਦ ਸਰਕਾਰ ਦੇ ਦੇਵੇਗੀ ਤੇ ਬੈਂਕ ਅਤੇ ਸੂਦਖੋਰ ਕਿਸਾਨਾਂ ਨੂੰ ਦੁਬਾਰਾ ਕਰਜ਼ੇ ਦੇਣੇ ਸ਼ੁਰੂ ਕਰ ਦੇਣਗੇ। ਸਾਫ਼ ਹੈ ਕਿ ਇਸ ਕਦਮ ਨਾਲ ਸੂਦਖ਼ੋਰਾਂ ਨੂੰ ਸੂਦ ਮਿਲ ਜਾਵੇਗਾ ਤੇ ਕਿਸਾਨ ਪਹਿਲਾਂ ਵਾਂਗ ਹੀ ਕਰਜ਼ੇ ਵਿਚ ਫਸੇ ਰਹਿਣਗੇ।

ਸੂਦਖੋਰਾਂ ਨੂੰ ਸੂਦ ਦੇਣ ਲਈ ਸਰਕਾਰ ਸਰਕਾਰੀ ਖਜ਼ਾਨੇ ਵਿਚੋਂ ਪੈਸਾ ਦੇਵੇਗੀ। ਸਰਕਾਰੀ ਖ਼ਜ਼ਾਨੇ ਦਾ ਇਹ ਪੈਸਾ ਵੀ ਸਰਕਾਰ ਲੋਕਾਂ ਕੋਲੋਂ ਹੀ ਤਾਂ ਲੈਂਦੀ ਹੈ। ਸੂਦਖੋਰਾਂ ਨੂੰ ਤਾਂ ਮੌਜ ਬਣ ਜਾਵੇਗੀ ਕਿਉਂਕਿ ਉਨ੍ਹਾਂ ਦਾ ਸੂਦ ਉਨ੍ਹਾਂ ਬਕਾਇਦਾ ਮਿਲ ਜਾਵੇਗਾ ਪਰ ਕਿਸਾਨਾਂ ਦਾ ਕਰਜ਼ ਕਾਇਮ ਰਹੇਗਾ ਤੇ ਹੋਰ ਵਧੇਗਾ। ਪਰ ਮਨਮੋਹਨ ਸਿੰਘ ਅਤੇ ਉਸਦੀ ਸਰਕਾਰ ਲਈ ਇਹ ਕੋਈ ਨਵੀਂ ਗੱਲ ਨਹੀਂ ਹੈ ਕਿ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਦਾ ਟੈਕਸਾਂ ਦਾ ਪੈਸਾ ਸਰਕਾਰ ਸੂਦਖ਼ੋਰਾਂ ਨੂੰ ਦੇ ਦੇਵੇਗੀ। ਇਸ ਸਾਲ ਦੇ ਬਜਟ ਦਾ 74 ਫੀ ਸਦੀ ਹਿੱਸਾ ਸਰਕਾਰ ਨੇ ਪਹਿਲਾਂ ਹੀ ਸੂਦਖੋਰਾਂ ਦੇ ਹਵਾਲੇ ਕੀਤਾ ਹੋਇਆ ਹੈ, ਅਤੇ ਕੇਂਦਰੀ ਸਰਕਾਰ ਪਿਛਲੇ ਪੰਜ ਦਹਾਕਿਆਂ ਤੋਂ ਇੰਜ ਹੀ ਕਰਦੀ ਆਈ ਹੈ।

ਮਨਮੋਹਨ ਸਿੰਘ ਅਤੇ ਉਸਦੀ ਸਰਕਾਰ ਦਾ ਮੰਤਵ ਕਿਸਾਨਾਂ ਦੀ ਕਰਜ਼ੇ ਤੋਂ ਮੁਕਤੀ ਕਰਾਉਣੀ ਨਹੀਂ ਬਲਕਿ ਉਨ੍ਹਾਂ ਨੂੰ ਕਰਜ਼ੇ ਦੇ ਜਾਲ ਵਿਤ ਫਸਾਈ ਰੱਖਣਾ ਹੈ ਕਿਉਂਕਿ ਇਸ ਨਾਲ ਸੂਦਖੋਰਾਂ ਦੇ ਮੁਨਾਫ਼ੇ ਵੱਧ ਰਹੇ ਹਨ। ਕਰਜ਼ੇ ਵਿਚ ਫਸੇ ਹੋਏ ਕਿਸਾਨ ਸੂਦਖੋਰਾਂ ਲਈ ਚੰਗੇ ਸ਼ਿਕਾਰ ਹਨ। ਸਰਕਾਰ ਕਿਸਾਨਾਂ ਦਾ ਨਹੀਂ ਬਲਕਿ ਸੂਦਖੋਰਾਂ ਦੇ ਮੁਨਾਫਿਆਂ ਦਾ ਬਹੁਤਾ ਫ਼ਿਕਰ ਕਰਦੀ ਹੈ। ਵਿਦਰਭ ਅਤੇ ਬਾਕੀ ਹਿੰਦੁਸਤਾਨ ਦੇ ਕਰਜ਼ੇ ਹੇਠ ਦਬੇ ਹੋਏ ਕਿਸਾਨਾਂ ਨੂੰ ਇਕਮੁੱਠ ਹੋ ਕੇ ਕਰਜ਼ੇ ਦੇ ਖ਼ਿਲਾਫ਼ ਘੋਲ ਚਲਾਉਣ ਦੀ ਲੋੜ ਹੈ। ਉਨ੍ਹਾਂ ਦੇ ਆਪਣੇ ਸੰਘਰਸ਼ ਨਾਲ ਹੀ ਕਰਜ਼ੇ ਤੋਂ ਮੁਕਤੀ ਹੋ ਸਕਦੀ ਹੈ। ਕਈ ਜਗ੍ਹਾ ਕਿਸਾਨਾਂ ਨੇ ਇਕੱਠੇ ਹੋਕੇ ਬੈਂਕਾਂ ਦੇ ਕਰਜ਼ਿਆਂ ਦੇ ਕਾਗਜ਼ਾਂ ਨੂੰ ਅੱਗ ਵੀ ਲਾਈ ਹੈ ਅਤੇ ਕਰਜ਼ਿਆਂ ਦਾ ਮੂਲ ਅਤੇ ਸੂਦ ਵਾਪਿਸ ਕਰਨ ਤੋਂ ਇਨਕਾਰ ਕਰ ਦਿਤਾ ਹੈ। ਮਨਮੋਹਨ ਸਿੰਘ ਅਤੇ ਉਸਦੀ ਸਰਕਾਰ ਕਿਸਾਨਾਂ ਦੇ ਇਸ ਵਿਦਰੋਹ ਤੋਂ ਫਿਕਰਮੰਦ ਹਨ ਅਤੇ ਉਨ੍ਹਾਂ ਨੂੰ ਕੁਰਾਹੇ ਪਾ ਕੇ ਉਨ੍ਹਾਂ ਤੇ ਮਿੱਠੀ ਛੁਰੀ ਫੇਰਨੀ ਚਾਹੁੰਦੇ ਹਨ। ਕਿਸਾਨਾਂ ਅਤੇ ਹੋਰ ਦੱਬੇ ਕੁਚਲੇ ਲੋਕਾਂ ਨੂੰ ਇਸ ਤੋਂ ਚੌਕਸ ਰਹਿਣ ਦੀ ਲੋੜ ਹੈ।

ਹਿੰਦੁਸਤਾਨ ਦੇ ਸਾਰੇ ਹੀ ਦਬੇ ਕੁਚਲੇ ਅਤੇ ਰੌਸ਼ਨ ਖ਼ਿਆਲ ਲੋਕ ਕਰਜ਼ਿਆਂ ਖ਼ਿਲਾਫ਼ ਕਿਸਾਨਾਂ ਦੇ ਜਦੋਜਹਿਦ  ਦੀ ਡੱਟ ਕੇ ਹਿਮਾਇਤ ਕਰ ਰਹੇ ਹਨ।